ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ......................
Date ......................

Phone :0181-2224783(O)
:0181-2459664(R)
Fax :0181-2224727
Email: dc.jal@punjabmail.gov.in

# ਹੁੱਕਮ

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਵੱਲੋਂ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁੱਕੀ ਹੈ।

ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ 3062-85/ਐਮ.ਸੀ-4/ਐਮ.ਏ ਮਿਤੀ 23-03-2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ। ਕਰਫਿਊ ਦੌਰਾਨ ਕਰਿਆਨੇ ਦੇ ਸਮਾਨ (Groceries) ਦੀ ਸਪਲਾਈ ਬਹੁਤ ਜਰੂਰੀ ਹੈ ਤਾਂ ਜੋ ਲੋਕਾਂ ਦੀ ਸਿਹਤ ਠੀਕ ਬਣੀ ਰਹੇ। ਇਸ ਲਈ ਕਰਿਆਨੇ ਦੀ ਥੋਕ ਸਪਲਾਈ ਦਾ ਠੀਕ ਹੋਣਾ ਬਹੁਤ ਜਰੂਰੀ ਹੈ। ਇਸ ਲਈ, ਮੈਂ, ਵਰਿੰਦਰ ਕੁਮਾਰ ਸ਼ਰਮਾ, ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ, ਜਲੰਧਰ ਪੁਰਾਣੀ ਦਾਣਾ ਮੰਡੀ, ਫੈਨਟਮ ਗੰਜ, ਜਲੰਧਰ ਨੂੰ ਹਰ ਰੋਜ ਸਵੇਰੇ 05:00 ਵਜੇ ਤੋਂ 11:00 ਵਜੇ ਤੱਕ ਖੋਲ੍ਹਣ ਲਈ ਹੇਠ ਲਿਖੀਆਂ ਸ਼ਰਤਾਂ ਉਤੇ ਇਜ਼ਾਜਤ ਦਿੰਦਾ ਹਾਂ : -

1. ਇਥੇ ਕਿਸੇ ਵੀ ਆਮ ਗ੍ਰਾਹਕ ਨੂੰ ਸਮਾਨ ਨਹੀਂ ਵੇਚਿਆ ਜਾਵੇਗਾ। ਇਨ੍ਹਾਂ ਵੱਲੋਂ ਸਮਾਨ ਕੇਵਲ ਰਿਟੇਲਰਾਂ ਨੂੰ ਹੀ ਵੇਚਿਆ ਜਾਵੇਗਾ। ਅਜਿਹਾ ਕਰਦੇ ਹੋਏ ਕੋਵੀਡ-19 ਦੀਆਂ ਹਦਾਇਤਾਂ ਮੁਤਾਬਿਕ ਦੁਕਾਨਦਾਰਾਂ ਵੱਲੋਂ ਸ਼ੋਸ਼ਲ ਡਿਸਟੈਂਸਿੰਗ ਦਾ ਧਿਆਨ ਰੱਖਿਆ ਜਾਵੇਗਾ ਅਤੇ ਆਪਸ ਵਿੱਚ 2 ਮੀਟਰ ਦੀ ਦੂਰੀ ਬਣਾਈ ਰੱਖਣ ਨੂੰ ਯਕੀਨੀ ਬਣਾਇਆ ਜਾਵੇਗਾ। ਦੁਕਾਨਦਾਰਾਂ ਵੱਲੋਂ ਦੁਕਾਨਾਂ ਦੇ ਬਾਹਰ ਚਿੱਟੇ ਰੰਗ ਦੇ ਗੋਲੇ 2-2 ਮੀਟਰ ਦੀ ਦੂਰੀ ਤੇ ਬਣਾਏ ਜਾਣਗੇ।
2. ਕੋਵੀਡ-19 ਦੀਆਂ ਹਦਾਇਤਾਂ ਅਨੁਸਾਰ ਮਾਸਕ ਅਤੇ ਸੈਨੇਟਾਇਜਰਾਂ ਦਾ ਇਸਤੇਮਾਲ ਕੀਤਾ ਜਾਵੇਗਾ ਅਤੇ ਇੱਕ ਜਗ੍ਹਾ 10 ਤੋਂ ਜਿਆਦਾ ਵਿਅਕਤੀ ਇੱਕ ਦੁਕਾਨ ਜਾਂ ਟਰੱਕ ਤੋਂ ਸਮਾਨ ਦੀ ਢੋਆ-ਢੁਆਈ ਸਮੇਂ ਇਕੱਠੇ ਨਹੀਂ ਹੋਣਗੇ।
3. ਉਪਰੋਕਤ ਕੰਮਾਂ ਨੂੰ ਠੀਕ ਢੰਗ ਨਾਲ ਨੇਪਰੇ ਚਾੜਨ ਲਈ ਹੇਠ ਲਿਖੇ ਅਨੁਸਾਰ ਕਮੇਟੀ ਗਠਿਤ ਕੀਤੀ ਜਾਂਦੀ ਹੈ :-

| ਲੜੀ ਨੰ | ਨਾਮ | ਅਹੁਦਾ | ਵਿਸ਼ੇਸ਼ ਕਥਨ |
|---|---|---|---|
| 1 | ਸ੍ਰੀ ਜੈ ਇੰਦਰ ਸਿੰਘ, ਪੀ.ਸੀ.ਐਸ. | ਉਪ ਮੰਡਲ ਮੈਜਿਸਟਰੇਟ, ਜਲੰਧਰ-1 | ਮੈਂਬਰ |
| 2 | ਸ੍ਰੀ ਗੁਰਮੀਤ ਸਿੰਘ ਕਿੰਗਰਾ, ਪੀ.ਪੀ.ਐਸ | ਏ.ਡੀ.ਸੀ.ਪੀ. ਕਰਾਇਮ. ਇਨਵੈਸ:, ਜਲੰਧਰ | ਮੈਂਬਰ |
| 3 | ਸ੍ਰੀ ਜਸਬਿੰਦਰ ਸਿੰਘ ਖਹਿਰਾ, ਪੀ.ਪੀ.ਐਸ | ਏ.ਸੀ.ਪੀ. ਨੋਰਥ, ਜਲੰਧਰ | ਮੈਂਬਰ |
| 4 | ਸ੍ਰੀ ਨਰਿੰਦਰ ਸਿੰਘ | ਡੀ.ਐਫ.ਐਸ.ਸੀ, ਜਲੰਧਰ | ਮੈਂਬਰ |
| 5 | ਸ੍ਰੀ ਵਰਜੀਤ ਵਾਲੀਆ, ਆਈ.ਏ.ਐਸ | ਸਹਾਇਕ ਕਮਿਸ਼ਨਰ,(ਸਿਖਲਾਈ ਅਧੀਨ) ਜਲੰਧਰ | ਮੈਂਬਰ |
| 5 | ਸ੍ਰੀ ਹਰਿਮਨ | ਡੀ.ਐਫ.ਐਸ.ਓ. ਜਲੰਧਰ | ਬਤੌਰ ਕਾਰਜਕਾਰੀ ਮੈਜਿਸਟਰੇਟ |

ਉਕਤ ਮੰਡੀ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਬਣਾਏ ਰੱਖਣ ਲਈ ਸ੍ਰੀ ਹਰਿਮਨ, ਡੀ.ਐਫ.ਐਸ.ਓ. ਜਲੰਧਰ ਦੀ ਬਤੌਰ ਕਾਰਜਕਾਰੀ ਮੈਜਿਸਟਰੇਟ ਡਿਊਟੀ ਲਗਾਈ ਜਾਂਦੀ ਹੈ। ਉਹ ਹਰ ਰੋਜ ਮੰਡੀ ਖੁਲ੍ਹਣ ਸਮੇਂ ਸਵੇਰੇ 05:00 ਵਜੇ ਤੋਂ ਲੈ ਕੇ 11:00 ਵਜੇ ਤੱਕ ਮੰਡੀ ਵਿੱਚ ਹਾਜ਼ਰ ਰਹਿਣਗੇ ਅਤੇ ਉਹਨਾਂ ਨੂੰ ਜੋ ਵੀ ਸਕਿਉਰਟੀ ਸਟਾਫ ਦੀ ਜਰੂਰਤ ਹੋਵੇਗੀ ਉਹ ਕਮਿਸ਼ਨਰ ਆਫ ਪੁਲਿਸ, ਜਲੰਧਰ ਵੱਲੋਂ ਮੁਹੱਈਆ ਕਰਵਾਈ ਜਾਵੇਗੀ। ਉਪ ਮੰਡਲ ਮੈਜਿਸਟਰੇਟ, ਜਲੰਧਰ-1 ਇਹ ਯਕੀਨੀ ਬਣਾਉਣਗੇ ਕਿ ਜਿਸ ਅਫਸਰ ਨੂੰ ਬਤੌਰ ਕਾਰਜਕਾਰੀ ਮੈਜਿਸਟਰੇਟ ਲਗਾਇਆ ਜਾਂਦਾ ਹੈ ਉਹ ਰੋਜਾਨਾ ਮੰਡੀ ਵਿੱਚ ਹਾਜਰ ਰਹਿਣ।

ਜਿਲ੍ਹਾ ਮੈਜਿਸਟਰੇਟ,
ਜਲੰਧਰ।

ਪਿਠ ਅੰਕਣ ਨੰ. 5618-29 /ਐਮ.ਸੀ.4/ਐਮ.ਏ ਮਿਤੀ- 08-04-2020

ਇਸ ਦਾ ਇਕ ਉਤਾਰਾ ਹੇਠ ਦਰਜ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਮੁੱਖ ਸਕੱਤਰ, ਗ੍ਰਹਿ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ
2. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ
3. ਕਮਿਸ਼ਨਰ, ਨਗਰ ਨਿਗਮ, ਜਲੰਧਰ
4. ਕਮਿਸ਼ਨਰ ਆਫ ਪੁਲਿਸ, ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ), ਜਲੰਧਰ
5. ਜਿਲ੍ਹਾ ਲੋਕ ਸਪੰਰਕ ਅਫਸਰ, ਜਲੰਧਰ
6. ਸਮੂਹ ਮੈਂਬਰ ਉਕਤ ਕਮੇਟੀ
7. ਸੁਪਰਡੰਟ ਗਰੇਡ-1, ਪੀ.ਏ. ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ, ਸਟੈਨੋ ਟੂ ਏ.ਸੀ(ਜ), ਸਟੈਨੋ ਟੂ ਏ.ਸੀ(ਸ਼ਿ) ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵ. ਜਿਲ੍ਹਾ ਮੈਜਿਸਟਰੇਟ, 8/4/2020
ਜਲੰਧਰ।

Scanned with CamScanner